# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 23 ਨਵੰਬਰ 2025 ਦਿਨ ਐਤਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਜੀ.ਜੀ.ਐਨ. ਖ਼ਾਲਸਾ ਕਾਲਜ ਲੁਧਿਆਣਾ ਨੇ ਕਰਵਾਇਆ ਆਨਲਾਈਨ ਅੰਤਰਰਾਸ਼ਟਰੀ ਗ਼ਜ਼ਲ ਦਰਬਾਰ

### ਸਾਰੇ ਸ਼ਾਇਰਾਂ ਦੇ ਖੂਬਸੂਰਤ ਕਲਾਮ ਨੇ ਰੂਹ ਨੂੰ ਤਾਜ਼ਗੀ ਬਖਸ਼ੀ – ਪ੍ਰੋ. ਗੁਰਭਜਨ ਸਿੰਘ ਗਿੱਲ

ਵਰਲਡ ਪੰਜਾਬੀ ਟਾਈਮਜ਼
ਹਰਦਮ ਮਾਨ



ਸਰੀ, 23 ਨਵੰਬਰ :ਗੁਜ ਰਾਂ ਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਲੁਧਿਆਣਾ ਦੇ ਪਰਵਾਸੀ ਸਾਹਿਤ ਅਧਿਐਨ ਕੇਂਦਰ ਅਤੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਵੱਲੋਂ ਬੀਤੇ ਦਿਨ ਇੱਕ ਖੂਬਸੂਰਤ ਆਨਲਾਈਨ ਅੰਤਰਰਾਸ਼ਟਰੀ ਗ਼ਜ਼ਲ ਦਰਬਾਰ ਕਰਵਾਇਆ ਗਿਆ, ਜਿਸ ਦੀ ਪ੍ਰਧਾਨਗੀ ਪ੍ਰੋ. ਗੁਰਭਜਨ ਸਿੰਘ ਗਿੱਲ, ਚੇਅਰਮੈਨ ਪੰਜਾਬੀ ਲੋਕ ਵਿਰਾਸਤ ਅਕੈਡਮੀ ਲੁਧਿਆਣਾ ਨੇ ਕੀਤੀ।

ਸਮਾਗਮ ਦੀ ਸ਼ੁਰੂਆਤ ਡਾ. ਐਸ. ਪੀ. ਸਿੰਘ, ਸਾਬਕਾ ਵਾਈਸ ਚਾਂਸਲਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਦੇ ਉਦਘਾਟਨੀ ਸ਼ਬਦਾਂ ਨਾਲ ਹੋਈ। ਉਹਨਾਂ ਨੇ ਵੱਖ–ਵੱਖ ਦੇਸ਼ਾਂ ਤੋਂ ਜੁੜੇ ਗ਼ਜ਼ਲਗੋਆਂ ਨੂੰ ਜੀ-ਆਇਆਂ ਆਖਦਿਆਂ ਇਸ ਗੱਲ ‘ਤੇ ਖੁਸ਼ੀ ਪ੍ਰਗਟ ਕੀਤੀ ਕਿ ਪੰਜਾਬੀ ਲੇਖਕ ਪਰਵਾਸ ਦੀਆਂ ਰੁਝੇਵੇਂ ਭਰੀਆਂ ਜ਼ਿੰਦਗੀਆਂ ਦੇ ਬਾਵਜੂਦ ਆਪਣੀ ਮਾਤ ਭਾਸ਼ਾ ਅਤੇ ਸਾਹਿਤਕ ਰਚਨਾ ਨੂੰ ਨਿਰੰਤਰ ਜੀਵੰਤ ਰੱਖ ਰਹੇ ਹਨ।

ਗ਼ਜ਼ਲ ਦੀ ਬਣਤਰ, ਵਿਕਾਸ ਅਤੇ ਪੰਜਾਬੀ ਗ਼ਜ਼ਲ ਦੇ ਵਿਸ਼ੇਸ਼ ਸੁਭਾਅ ਬਾਰੇ ਉਘੇ ਸ਼ਾਇਰ ਅਤੇ ਆਲੋਚਕ ਪ੍ਰੋ. ਸੁਰਜੀਤ ਜੱਜ ਨੇ ਗਹਿਰਾਈ ਨਾਲ ਚਰਚਾ ਕੀਤੀ। ਉਹਨਾਂ ਨੇ ਦੱਸਿਆ ਕਿ ਭਾਵੇਂ ਆਮ ਧਾਰਨਾ ਹੈ ਕਿ ਪੰਜਾਬੀ ਗ਼ਜ਼ਲ ਉਰਦੂ ਤੋਂ ਆਈ ਹੈ, ਪਰ ਅਸਲ ਵਿੱਚ ਗ਼ਜ਼ਲ ਵਿਧਾ ਦੋਹਾਂ ਭਾਸ਼ਾਵਾਂ ਵਿੱਚ ਲਗਭਗ ਇੱਕੋ ਸਮੇਂ ਦਾਖਲ ਹੋਈ। ਉਹਨਾਂ ਨੇ ਇਹ ਵੀ ਕਹਾ ਕਿ ਪੰਜਾਬੀ ਗ਼ਜ਼ਲ ਦਾ ਮਿਜ਼ਾਜ ਉਰਦੂ ਗ਼ਜ਼ਲ ਤੋਂ ਪੂਰੀ ਤਰ੍ਹਾਂ ਵੱਖਰਾ ਹੈ ਅਤੇ ਇਸ ਰਚਨਾ-ਪ੍ਰੰਪਰਾ ਨੇ ਕਦੇ ਵੀ ਛੜੱਪੇ ਮਾਰਨ ਵਾਲੀ ਪ੍ਰਵਿਰਤੀ ਨਹੀਂ ਅਪਣਾਈ।

ਉਹਨਾਂ ਨੇ ਪੰਜਾਬੀ ਸਾਹਿਤ ਦੇ ਪ੍ਰਮੁੱਖ ਗ਼ਜ਼ਲਗੋਆਂ ਦੀ ਪ੍ਰਮੁੱਖ ਭੂਮਿਕਾ ਬਾਰੇ ਵੀ ਵਿਸਥਾਰ ਨਾਲ ਵਿਚਾਰ ਸਾਂਝੇ ਕੀਤੇ।

ਇਸ ਉਪਰੰਤ ਪ੍ਰੋਫੈਸਰ ਸ਼ਰਨਜੀਤ ਕੌਰ ਨੇ ਗ਼ਜ਼ਲ ਦਰਬਾਰ ਦਾ ਸੰਚਾਲਨ ਆਰੰਭ ਕੀਤਾ। ਇਸ ਗ਼ਜ਼ਲ ਦਰਬਾਰ ਵਿੱਚ

ਅਮਰੀਕਾ ਤੋਂ ਸ਼ਾਮਿਲ ਹੋਏ ਕਵੀ: ਹਰਜਿੰਦਰ ਕੰਗ, ਸੁਰਿੰਦਰ ਸੀਰਤ, ਸੁਰਜੀਤ ਸਖੀ, ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਅਤੇ ਦਿਲ ਨਿੱਝਰ, ਕੈਨੇਡਾ ਤੋਂ ਸ਼ਾਮਿਲ ਕਵੀ: ਮੋਹਨ ਗਿੱਲ, ਗੁਰਮਿੰਦਰ ਸਿੱਧੂ, ਕਵਿੰਦਰ ਚਾਂਦ, ਹਰਦਮ ਸਿੰਘ ਮਾਨ, ਪ੍ਰੀਤ ਮਨਪ੍ਰੀਤ ਅਤੇ ਬਿੰਦੂ ਮਠਾੜੂ, ਇਟਲੀ ਤੋਂ ਦਲਜਿੰਦਰ ਰਹਿਲ ਅਤੇ ਆਸਟ੍ਰੇਲੀਆ (ਸਿਡਨੀ) ਤੋਂ ਡਾ. ਅਮਰਜੀਤ ਸਿੰਘ ਟਾਂਡਾ ਨੇ ਆਪਣੀਆਂ ਖ਼ੂਬਸੂਰਤ, ਭਾਵਪੂਰਤ ਅਤੇ ਅਨੁਭਵ-ਭਰੀਆਂ ਗ਼ਜ਼ਲਾਂ ਨਾਲ ਦਰਬਾਰ ਦੀ ਸ਼ਾਨ ਵਧਾਈ ਅਤੇ ਸਰੋਤਿਆਂ ਦੇ ਮਨ ਮੋਹ ਲਏ। ਇਨ੍ਹਾਂ ਕਵੀਆਂ ਨੇ ਪਰਵਾਸੀ ਸਾਹਿਤ ਅਧਿਐਨ ਕੇਂਦਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਇੰਝ ਦੇ ਪ੍ਰੋਗਰਾਮ ਕਲਮੀ ਪਰਵਾਸੀਆਂ ਨੂੰ ਮਾਣ ਅਤੇ ਜੁੜਾਅ ਦੋਵੇਂ ਬਖ਼ਸ਼ਦੇ ਹਨ।

ਪ੍ਰਧਾਨਗੀ ਭਾਸ਼ਣ ਦੌਰਾਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ ਇਸ ਗ਼ਜ਼ਲ ਦਰਬਾਰ ਨੂੰ ਸੁਣ ਕੇ ਇੱਕ ਸੁੱਚਤਾ ਅਤੇ ਤਾਜ਼ਗੀ ਦਾ ਅਹਿਸਾਸ ਹੋਇਆ ਹੈ। ਬਾਬਾ ਫ਼ਰੀਦ, ਸ਼ਾਹ ਹੁਸੈਨ ਅਤੇ ਕਿੱਸਾਕਾਰ ਹਾਸ਼ਮ ਸ਼ਾਹ ਦੇ ਹਵਾਲਿਆਂ ਨਾਲ ਉਹਨਾਂ ਨੇ ਸਪੱਸ਼ਟ ਕੀਤਾ ਕਿ ਕੋਈ ਵੀ ਰਚਨਾ ਜੇ ਆਪਣੀ ਮਿੱਟੀ ਦੀ ਮਹਿਕ ਤੋਂ ਵਾਂਝੀ ਹੋਵੇ ਤਾਂ ਉਹ ਇੱਕ ਨਿਰਜਿੰਦ ਮਨੁੱਖ ਵਾਂਗ ਹੁੰਦੀ ਹੈ। ਉਹਨਾਂ ਨੇ ਕਿਹਾ ਕਿ ਭਾਵੇਂ ਪਿੰਗਲ ਅਤੇ ਅਰੂਜ਼ ਫ਼ਾਰਸੀ ਪਰੰਪਰਾ ਦੀ ਦੇਣ ਹਨ, ਪਰ ਪੰਜਾਬੀ ਗ਼ਜ਼ਲ ਦਾ ਆਪਣਾ ਨਿਵੇਕਲਾ ਮੁਹਾਂਦਰਾ ਅਤੇ ਸਥਾਨ ਹੈ। ਉਹਨਾਂ ਨੇ ਗ਼ਜ਼ਲ ਦਰਬਾਰ ਵਿੱਚ ਸ਼ਾਮਿਲ ਹਰੇਕ ਗ਼ਜ਼ਲਗੋ ਦੀ ਕਲਾ ਦੀ ਖ਼ਾਸ ਤੌਰ ‘ਤੇ ਪ੍ਰਸ਼ੰਸਾ ਕੀਤੀ।

ਅੰਤ ਵਿੱਚ ਕਾਲਜ ਦੀ ਪ੍ਰਿੰਸੀਪਲ ਪ੍ਰੋ. ਰਜਿੰਦਰ ਕੌਰ ਮਲਹੋਤਰਾ ਨੇ ਸ਼ਾਮਿਲ ਹੋਏ ਕਵੀਆਂ ਅਤੇ ਹੋਰ ਮਾਣਯੋਗ ਮਹਿਮਾਨਾਂ ਦਾ ਰਸਮੀ ਧੰਨਵਾਦ ਕੀਤਾ। ਉਹਨਾਂ ਨੇ ਪ੍ਰੋ. ਸੁਰਜੀਤ ਜੱਜ ਅਤੇ ਪ੍ਰੋ. ਗੁਰਭਜਨ ਸਿੰਘ ਗਿੱਲ ਦਾ ਵਿਸ਼ੇਸ਼ ਤੌਰ ‘ਤੇ ਧੰਨਵਾਦ ਕੀਤਾ ਕਿ ਉਹਨਾਂ ਨੇ ਗ਼ਜ਼ਲ ਅਤੇ ਪੰਜਾਬੀ ਗ਼ਜ਼ਲ ਦੇ ਮਹੱਤਵਪੂਰਣ ਪਹਿਲੂਆਂ ਨੂੰ ਇਸ ਮੰਚ ‘ਤੇ ਰੌਸ਼ਨ ਕੀਤਾ।ਉਹਨਾਂ ਕਿਹਾ ਕਿ ਇਹ ਮਾਣ ਦੀ ਗੱਲ ਹੈ ਕਿ ਵਿਸ਼ਵ–ਭਰ ਵਿੱਚ ਵਸਦੇ ਪੰਜਾਬੀ ਲੇਖਕ ਇਸ ਕੇਂਦਰ ਦੇ ਹਰ ਸੱਦੇ ਨੂੰ ਪਿਆਰ ਅਤੇ ਸਤਿਕਾਰ ਨਾਲ ਪ੍ਰਵਾਨ ਕਰਦੇ ਹਨ।

ਇਸ ਪ੍ਰੋਗਰਾਮ ਦਾ ਸੰਚਾਲਨ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਦੀ ਮੁਖੀ, ਪ੍ਰੋਫੈਸਰ ਸ਼ਰਨਜੀਤ ਕੌਰ, ਵੱਲੋਂ ਬਹੁਤ ਸੁਚੱਜੇ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਕੀਤਾ ਗਿਆ। ਇਸ ਗ਼ਜ਼ਲ ਦਰਬਾਰ ਵਿੱਚ ਕਨੇਡਾ ਤੋਂ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ, ਕਹਾਣੀਕਾਰ ਜਸਬੀਰ ਮਾਨ, ਅਤੇ ਪਰਵਾਸੀ ਸਾਹਿਤ ਅਧਿਐਨ ਕੇਂਦਰ ਦੇ ਕੋਆਰਡੀਨੇਟਰ ਡਾ. ਤਜਿੰਦਰ ਕੌਰ ਅਤੇ ਰਜਿੰਦਰ ਸਿੰਘ ਸੰਧੂ ਵੀ ਵਿਸ਼ੇਸ਼ ਤੌਰ ‘ਤੇ ਹਾਜਰ ਰਹੇ।

## ਚਾਰ ਦਿਨਾਂ ਦੀ ਜ਼ਿੰਦਗੀ*

ਚਾਰ ਦਿਨਾਂ ਦੀ ਜ਼ਿੰਦਗੀ ਹੈ
ਬੰਦਿਆਂ ਮਾਣ ਨਾ ਕਰ।
ਕਿਸੇ ਨੇ ਤੇਰੇ ਨਾਲ ਨਹੀਂ ਜਾਣਾ
ਤੂੰ ਕਰ ਲੈ ਭਜਨ ਬੰਦਗੀ ।
ਤੂੰ ਨਾਦਾਨ ਨਾ ਬਣ
ਉਹ ਬਚਪਨ ਬੀਤ ਗਿਆ
ਹੁਣ ਤੈਨੂੰ ਜਵਾਨੀ ਚੜ੍ਹ ਆਈ
ਕਿਉਂ ਕਰਦਾ ਹੈ ਹੰਕਾਰ ਕੇ
ਤੈਨੂੰ ਇਹ ਸੰਸਾਰ ਨਹੀਂ ਦਿਖਦਾ
ਕੀ ਤੇਰੀਆਂ ਅੱਖਾਂ ਅੰਨ੍ਹੀਆਂ ਹੋਈਆਂ ਹਨ।
ਸਮੇਂ ਦਾ ਪਤਾ ਨਹੀਂ ਪਾਣੀ ਵਾਂਗ ਵਹਿ ਗਿਆ
ਹੁਣ ਬੁਢੇਪਾ ਆ ਗਿਆ
ਇਹ ਜੱਗ ਰੈਣ ਬਸੇਰਾ ਹੈ
ਤੂੰ ਸਮਝ ਜਾਂ ਬੰਦਿਆਂ
ਤੂੰ ਇੱਥੇ ਮੁਸਾਫ਼ਿਰ ਹੈ
ਡੇਰਾ ਨਾ ਲਗਾ ਇੱਥੇ।
ਇੱਥੇ ਕੁਝ ਵੀ ਨਹੀਂ ਹੈ ਤੇਰਾ
ਸਭ ਕੁਝ ਇੱਥੇ ਹੀ ਰਹਿ ਜਾਣਾ ਹੈ ਨਾ ਕਰ ਹੇਰਾਂ ਫੇਰੀ ਬੰਦਿਆਂ
ਇਹ ਜੋਗੀ ਸਾਥੀ ਕੰਮ ਨਹੀਂ ਆਉਣੇ ਤੇਰੇ
ਸਭ ਪੈਸੇ ਦੇ ਮਿੱਤਰ ਹਨ।
ਇਹ ਰਿਸ਼ਤੇ ਨਾਤੇ ਸਭ ਬਿਗਾਨੇ ਨੇ
ਸਭ ਝੂਠੇ ਦਾਅਵੇ ਕਰਦੇ ਨੇ।
ਕਿਰਤ ਧਰਮ ਦੀ ਕਰ
ਸੱਚ ਨੂੰ ਕੋਈ ਬਾਂਹ ਨਹੀਂ ਸਕਦਾ।
ਹਰ ਕਿਸੇ ਨਾਲ ਪਿਆਰ ਨਾ ਪਾ ਬੰਦਿਆਂ ਇੱਥੇ ਤੇਰਾ ਆਪਣਾ ਕੋਈ ਨਹੀਂ ਹੈ ਬੰਦਿਆਂ।




ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ

## ਮੈਂ ਉਦਾਸ ਹੋਇਆ ਬੈਠਾ ਹਾਂ

ਉਸ ਦੀ ਹੱਥ ਵਿੱਚ ਫੜ ਤਸਵੀਰ, ਮੈਂ ਉਦਾਸ ਹੋਇਆ ਬੈਠਾ ਹਾਂ,
ਪਿੱਟ-ਪਿੱਟ ਕੇ ਮੱਥੇ ਦੀ ਲਕੀਰ, ਮੈਂ ਉਦਾਸ ਹੋਇਆ ਬੈਠਾ ਹਾਂ,
ਚੰਗੀ ਤਰ੍ਹਾਂ ਬੰਨ੍ਹੀਂ ਜਾਂਦੀ ਪੱਗ ਵੀ ਨਾਂ, ਢੰਗ ਕਿਸੇ ਦੀ ਹੁਣ,
ਲਗਦਾ ਹਾਂ ਜਿਵੇਂ ਕੋਈ ਫ਼ਕੀਰ, ਮੈਂ ਉਦਾਸ ਹੋਇਆ ਬੈਠਾ ਹਾਂ,
ਸੀਨੇਂ ਵਿੱਚੋਂ ਉੱਠਦੀ ਹੋਈ ਪੀੜ ਜਿਹੀ ਨਾਂ ਸਹਾਰੀ ਜਾਵੇ,
ਮਾਰੇ ਲੋਕਾਂ ਨੇ ਜਿਵੇਂ ਹੋਣ ਤਾਅਨਿਆਂ ਦੇ ਤੀਰ, ਮੈਂ ਉਦਾਸ ਹੋਇਆ ਬੈਠਾ
ਹੋ ਕੇ ਰਹਿ ਜਾਂਦਾ ਹਾਂ ਜਜ਼ਬਾਤੀ, ਉਸ ਦੇ ਲਿਖੇ ਹੋਏ ਖਤ ਪੜ੍ਹ,
ਡੋਲ੍ਹ ਅੱਖਾਂ ‘ਚੋਂ ਮੁਹੱਬਤਾਂ ਦਾ ਨੀਰ, ਮੈਂ ਉਦਾਸ ਹੋਇਆ ਬੈਠਾ ਹਾਂ,
ਰਹਿ ਗਈਆਂ ਮੇਰੇ ਕੋਲ਼ ਬਸ, ਉੱਜੜਨ ਤੇ ਬਰਬਾਦ ਹੋਣ ਦੀਆਂ ਗੱਲਾਂ, ਕਹਾਣੀਆਂ,
ਹਾਸੇ, ਖੁਸ਼ੀਆਂ ਦੀ ਕਰਕੇ ਅਖੀਰ, ਮੈਂ ਉਦਾਸ ਹੋਇਆ ਬੈਠਾ ਹਾਂ,
ਹੋ ਜਾਣ ਦੂਰ ਦੁੱਖ, ਦਰਦ ਆਵੇ ਨਾਂ ਕੋਈ ਗ਼ਮ ਨੇੜੇ ਮੇਰੇ,
‘ਦਿਲਸ਼ਾਨ’ ਸੋਚਦਾ ਹੈ ਧਿਆਵਾਂ ਕਿਹੜਾ ਪੀਰ, ਮੈਂ ਉਦਾਸ ਹੋਇਆ ਬੈਠਾ ਹਾਂ।




ਵਰਲਡ ਪੰਜਾਬੀ ਟਾਈਮਜ਼
ਦਿਲਸ਼ਾਨ

## ਜਜ਼ਬਾਤ

ਮੈਂ ਤੇ ਮੇਰੇ ਜਜ਼ਬਾਤ ਮੱਸਿਆਂ ਦੀ ਰਾਤ ਵਰਗੇ
ਬਾਲ ਮਨ ਨੂੰ ਜੋ ਬੰਨ੍ਹ ਲੈਂਦੀ ਦਾਦੀ ਦੀ ਬਾਤ ਵਰਗੇ।

ਕਦੇ ਇਹ ਜੰਗਲ ਦੇ ਜਨੌਰ ਦੀ ਘਾਤ ਵਰਗੇ
ਬੱਦਲਾਂ ਵਿਚੋਂ ਚਾਨਣ ਵਖੇਰਦੇ ਸੂਰਜ ਦੀ ਝਾਤ ਵਰਗੇ।।

ਪਿੰਡੇ ਹੰਢਾਇਆ ਚੀਸਾਂ ਭਰਿਆ ਦਰਦ ਦੀ ਤਾਤ ਵਰਗੇ
ਥੁੜ ਗਿਣਤੀ ਵੈਰੀਆ ਹੱਥੋਂ ਮਿਲੀ ਕਰੜੀ ਮਾਤ ਵਰਗੇ।।

ਭੁੱਖੇ ਪੇਟ ਨੂੰ ਬਖਸ਼ੀ ਸੋਨੇ ਦੀ ਖਾਲੀ ਪਰਾਤ ਵਰਗੇ
ਮਾਂ ਬੋਲੀ ਲੋੜਦਾ ਮਿਲਦੀ ਬੇਗਾਨੀ ਭਾਸ਼ਾ ਦੀ ਸੌਗਾਤ ਵਰਗੇ ।

ਮੈਂ ਤੇ ਮੇਰੇ ਜਜ਼ਬਾਤ ਸ਼ੰਤਰੰਜ ਦੀ ਵਿਛੀ ਬਿਸਾਤ ਵਰਗੇ
ਫੱਕਰ ਭਾਲੇ ਫਕੀਰੀ ਪੱਲੇ ਪਈ ਵਜ਼ੀਰੀ ਦੀ ਖੈਰਾਤ ਵਰਗੇ।।




ਵਰਲਡ ਪੰਜਾਬੀ ਟਾਈਮਜ਼
ਸੁਰਿੰਦਰਪਾਲ ਸਿੰਘ

## ਕਿਰਦਾਰਕੁਸ਼ੀ

ਵਰਲਡ ਪੰਜਾਬੀ ਟਾਈਮਜ਼
ਮਾਸਟਰ ਹਰਭਿੰਦਰ ਸਿੰਘ

ਅਧਿਆਪਕਾਂ ਦੀ ਇੱਕ ਰੋਜ਼ਾ ਟ੍ਰੇਨਿੰਗ ਦੌਰਾਨ ਹੈਪੀ ਮਾਸਟਰ ਮੇਰੇ ਕੋਲ ਜਾਣ ਪਹਿਚਾਣ ਵਧਾਉਂਦਿਆਂ ਗੱਲਬਾਤ ਕਰਨ ਲੱਗਾ ਤਾਂ ਉਸਨੇ ਮੇਰੇ ਨਾਲ ਕੰਮ ਕਰਦੇ ਆਪਣੇ ਪੁਰਾਣੇ ਸਾਥੀ ਕੌਰ ਸਿੰਘ ਦੀਆਂ ਤਰੀਫਾਂ ਦੇ ਪੁਲ ਬੰਨਦਿਆਂ ਕਿਹਾ, ” ਹਾਂ ਯਾਰ ,ਕੌਰ ਸਿੰਘ ਤਾਂ ਮੇਰਾ ਖਾਸਮ -ਖਾਸ ਹੈ,ਬਹੁਤ ਚੰਗਾ, ਨੇਕ ਤੇ ਗੁਣੀ ਇਨਸਾਨ ਹੈ, ਮੈਂ ਉਸ ਦੀ ਬਹੁਤ ਕਦਰ ਕਰਦਾ ਹਾਂ , ਅਸੀਂ ਕਦੇ ਕਦਾਈ ਸ਼ਾਮ ਨੂੰ ਇਕੱਠੇ ਬੈਠਦੇ ਹਾਂ।ਸਕੂਲ ਜਾ ਕੇ ਮੇਰੇ ਬਾਰੇ ਉਸ ਕੋਲ ਜਰੂਰ ਗੱਲ ਕਰੀਂ”।

ਜਦੋਂ ਮੈਂ ਸਕੂਲ ਆ ਕੇ ਹੈਪੀ ਮਾਸਟਰ ਦਾ ਸੁਨੇਹਾ ਕੌਰ ਸਿੰਘ ਨੂੰ ਦਿੱਤਾ ਤਾਂ ਉਹ ਖਚਰਾ ਜਿਹਾ ਹਾਸਾ ਹੱਸਦਿਆਂ ਬੋਲਿਆ, “ਛੱਡ ਯਾਰ ,ਕਿਹੜੇ ਬੰਦੇ ਦੀ ਗੱਲ ਕਰਦੈਂ ,ਉਹ ਨਿੱਤ ਦਾ ਐਬੀ- ਕਬਾਬੀ, ਪਰਿਵਾਰ ਤੇ ਬੱਚਿਆਂ ਨਾਲ ਲੜਨ ਝਗੜਨ ਵਾਲਾ, ਇਹੋ ਜਿਹੇ ਬੰਦੇ ਤੋਂ ਦੂਰੀ ਬਣਾਈ ਹੀ ਚੰਗੀ”। ਇੰਨਾ ਕਹਿੰਦਿਆਂ ਉਹ ਆਪਣੀ ਕਲਾਸ ਵੱਲ ਨੂੰ ਹੋ ਤੁਰਿਆ।

ਮੈਂ ਮਾਸਟਰ ਹੈਪੀ ਦੇ ਆਪਣੇ ਸਾਥੀ ਬਾਰੇ ਬੋਲੇ ਪ੍ਰਸ਼ੰਸਾ ਭਰੇ ਬੋਲ ਤੇ ਕੌਰ ਸਿੰਘ ਦੁਆਰਾ ਆਪਣੇ ਮਿੱਤਰ ਦੀ ਕੀਤੀ ਕਿਰਦਾਰਕੁਸ਼ੀ ਬਾਰੇ ਸੋਚੀਂ ਪਿਆ ਆਪਣੇ ਸਹਿਕਰਮੀ ਦੇ ਅਸਲ ਕਿਰਦਾਰ ਨੂੰ ਭਾਂਪਣ ਲੱਗਾ।

## ਆਨੰਦਾਂ ਦੀ ਧਰਤੀ ਸ੍ਰੀ ਆਨੰਦਪੁਰ ਸਾਹਿਬ

ਵਰਲਡ ਪੰਜਾਬੀ ਟਾਈਮਜ਼
ਰਜਵਿੰਦਰ ਪਾਲ ਸ਼ਰਮਾ



ਪੰਜਾਬ ਪਾਣੀਆਂ ਦੇ ਨਾਲ ਨਾਲ ਪੀਰਾਂ, ਫਕੀਰਾਂ ਦੀ ਵੀ ਧਰਤੀ ਹੈ। ਪੰਜਾਬ ਦੀ ਧਰਤੀ ਤੇ ਅਜਿਹੇ ਮਹਾਨ ਪੀਰ ਪੈਗੰਬਰ ਅਤੇ ਯੋਧੇ ਪੈਦਾ ਹੋਏ ਹਨ ਜਿਨ੍ਹਾਂ ਨੇ ਸਮਾਜ਼ ਦੀਆਂ ਸਦੀਆਂ ਪੁਰਾਣੀਆਂ ਰਵਾਇਤਾਂ,ਜਾਤ ਪਾਤ ਅਤੇ ਅੰਧਵਿਸ਼ਵਾਸਾਂ ਵਿਰੁੱਧ ਆਵਾਜ਼ ਬੁਲੰਦ ਕਰਕੇ ਸਾਂਝੀਵਾਲਤਾ ਦਾ ਹੋਕਾ ਦਿੱਤਾ। ਗੁਰੂਆਂ ਦੀ ਬਾਣੀ ਸਾਨੂੰ ਕਿਰਤ ਕਰਨ,ਨਾਮ ਜਪਣ ਅਤੇ ਵੰਡ ਕੇ ਛਕਣ ਦੇ ਨਾਲ ਨਾਲ ਬੇਸਹਾਰਿਆਂ ਦੀ ਮਦਦ ਕਰਨ ਦਾ ਵੀ ਹੋਕਾ ਦਿੰਦੀ ਹੈ। ਆਪਣੇ ਲਈ ਜਿਉਣਾ ਕੋਈ ਵੱਡੀ ਗੱਲ ਨਹੀਂ ਪ੍ਰੰਤੂ ਦੂਜਿਆਂ ਦੀ ਸਰੁੱਖਿਆ ਅਤੇ ਮਦਦ ਕਰਦੇ ਹੋਏ ਸ਼ਹੀਦੀ ਜਾਮ ਪੀ ਜਾਣ ਵਾਲਾ ਹੀ ਗੁਰਾਂ ਦੀ ਬਾਣੀ ਤੇ ਖਰ੍ਹਾ ਉਤਰਦਾ ਹੈ।ਸਿੱਖਾਂ ਦੇ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਮੁਗਲ ਹਕੂਮਤ ਦੇ ਤਖ਼ਤ ਨੂੰ ਹਿਲਾਉਣ ਵਿੱਚ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨੇ ਮਹੱਤਵਪੂਰਨ ਯੋਗਦਾਨ ਪਾਇਆ। ਨੌਵੇਂ ਗੁਰੂ ਦੀ ਸ਼ਹੀਦੀ ਤੋਂ ਬਾਅਦ ਸਿੱਖਾਂ ਵਿੱਚ ਗੁੱਸਾ ਅਤੇ ਰੋਸ ਭਰਿਆ ਜਿਸਨੇ ਆਉਣ ਵਾਲੇ ਸਮੇਂ ਵਿੱਚ ਮੁਗਲਾਂ ਦੀ ਇੱਟ ਨਾਲ ਇੱਟ ਖੜਕਾ ਦਿੱਤੀ।
ਸਿੱਖ ਧਰਮ ਵਿੱਚ ਅਜਿਹੇ ਮਹੱਤਵਪੂਰਨ ਤੀਰਥ ਸਥਾਨ ਹਨ ਜੋ ਗੁਰੂਆਂ ਦੀ ਯਾਦ ਵਿੱਚ ਬਣਾਏ ਪ੍ਰੰਤੂ ਜ਼ੇਕਰ ਕੁੱਝ ਗਿਣਵੇਂ ਚੁਣਵੇਂ ਤੀਰਥ ਸਥਾਨਾਂ ਦੀ ਗੱਲ ਕੀਤੀ ਜਾਵੇ ਤਾਂ ਉਸ ਵਿੱਚ ਪੰਜ ਤਖਤਾਂ ਵਿੱਚੋਂ ਤੀਜੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਜੀ ਦਾ ਨਾਮ ਜ਼ਰੂਰ ਚੇਤੇ ਆਉਂਦਾ ਹੈ।ਇਹ ਤਖ਼ਤ ਸ੍ਰੀ ਆਨੰਦਪੁਰ ਸਾਹਿਬ ਵਿਖੇ ਸਥਿਤ ਹੈ ਜਿਸ ਨੂੰ ਪਹਿਲਾਂ ਚੱਕ ਨਾਨਕੀ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਸੀ।
ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਬਿਲਾਸਪੁਰ ਦੇ ਸ਼ਾਸਕ ਤੋਂ 1665 ਵਿੱਚ ਸ਼ਿਵਾਲਿਕ ਅਤੇ ਸਤਲੁਜ ਨਾਲ ਘਿਰੇ ਦਰਿਆ ਨਾਲ ਇੱਕ ਜਗ੍ਹਾ ਖਰੀਦੀ ਅਤੇ 30 ਮਾਰਚ 1689 ਨੂੰ ਆਪਣੀ ਮਾਤਾ ਜੀ ਦੇ ਨਾਮ ਤੇ ਇਸਦਾ ਨਾਂ ਚੱਕ ਨਾਨਕੀ ਰੱਖਿਆ। ਚੱਕ ਨਾਨਕੀ ਨੂੰ ਹੀ ਬਾਅਦ ਵਿੱਚ ਆਨੰਦਪੁਰ ਸਾਹਿਬ ਦਾ ਨਾਂ ਦਿੱਤਾ ਗਿਆ। ਆਨੰਦਪੁਰ ਸਾਹਿਬ ਦੀ ਧਰਤੀ ਆਪਣੇ ਅੰਦਰ ਸਿੱਖ ਧਰਮ ਦੀ ਮਹੱਤਵਪੂਰਨ ਤਵਾਰੀਖ ਸਮੋਈ ਬੈਠੀ ਹੈ।ਆਨੰਦਪੁਰ ਸਾਹਿਬ ਆਨੰਦਾਂ ਦੀ ਧਰਤੀ ਹੈ ਇਥੇ ਬਾਲ ਗੁਰੂ ਗੋਬਿੰਦ ਰਾਏ ਨੇ ਹੀ ਆਪਣੇ ਪਿਤਾ ਨੂੰ ਕਸ਼ਮੀਰੀ ਪੰਡਿਤਾਂ ਦੀ ਸਹਾਇਤਾ ਲਈ ਬਲੀਦਾਨ ਦੇਣ ਲਈ ਤੋਰਿਆ। ਆਨੰਦਪੁਰ ਸਾਹਿਬ ਹੀ ਉਹ ਪਵਿੱਤਰ ਧਰਤੀ ਹੈ ਜਿਥੇ ਬਾਬਾ ਜੀਵਨ ਸਿੰਘ ਜੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਉਹਨਾਂ ਦਾ ਸੀਸ ਗੁਰੂ ਗੋਬਿੰਦ ਸਿੰਘ ਜੀ ਤੱਕ ਲੈ ਕੇ ਆਏ।ਇਸੇ ਧਰਤੀ ਤੇ ਹੀ ਬਾਬਾ ਜੀਵਨ ਸਿੰਘ ਜੀ ਨੂੰ ਰੰਘਰੇਟੇ ਗੁਰੂ ਕੇ ਬੇਟੇ ਦਾ ਨਾਂ ਮਿਲਿਆ।ਆਨੰਦਪੁਰ ਸਾਹਿਬ ਹੀ ਉਹ ਧਰਤੀ ਹੈ ਜਿਥੇ ਖ਼ਾਲਸਾ ਪੰਥ ਦੀ ਸਾਜਨਾ ਕੀਤੀ ਗਈ, ਪਹਿਲਾਂ ਗੁਰੂ ਨੇ ਪੰਜ ਪਿਆਰਿਆਂ ਨੂੰ ਸਾਜਿਆ, ਉਹਨਾਂ ਨੂੰ ਅਮ੍ਰਿਤ ਛਕਾਇਆ ਅਤੇ ਫ਼ਿਰ ਉਹਨਾਂ ਕੋਲੋਂ ਅਮ੍ਰਿਤ ਛਕ ਕੇ ਫ਼ੁਰਮਾਇਆ,
ਖ਼ਾਲਸਾ ਮੇਰੋ ਰੂਪ ਹੈ ਖ਼ਾਸ,
ਖ਼ਾਲਸੇ ਮੈਂ ਹੂੰ ਕਰੂ ਨਿਵਾਸ।
ਆਨੰਦਪੁਰ ਸਾਹਿਬ ਦੀ ਧਰਤੀ ਸ਼ਸਤਰ ਅਤੇ ਸ਼ਾਸਤਰਾਂ ਦੀ ਧਰਤੀ ਹੈ। ਇਥੇ ਬਾਲ ਗੁਰੂ ਗੋਬਿੰਦ ਰਾਏ ਅਤੇ ਚਾਰੇ ਸਾਹਿਬਜ਼ਾਦਿਆਂ ਦੇ ਨਾਲ ਨਾਲ ਲੱਖਾਂ ਸੰਗਤਾਂ ਇਲਾਹੀ ਬਾਣੀ ਨੂੰ ਮਾਣਿਆ। ਇਸੇ ਹੀ ਧਰਤੀ ਤੇ 1700 ਅਤੇ 1704 ਵਿੱਚ ਮੁਗਲਾਂ ਨਾਲ ਯੁੱਧ ਹੋਏ। ਆਨੰਦਪੁਰ ਸਾਹਿਬ ਹੀ ਉਹ ਧਰਤੀ ਹੈ ਜਿਥੇ ਸਿੰਘ ਗੁਰੂ ਗੋਬਿੰਦ ਸਿੰਘ ਜੀ ਨੂੰ ਬੇਦਾਵਾ ਲਿਖ ਤੁਰੇ ਅਤੇ ਬਾਅਦ ਵਿੱਚ ਇਹ ਸਿੰਘ ਜੋ ਬੇਦਾਵਾ ਲਿਖ ਕੇ ਗਏ ਸਨ ਮਾਈ ਭਾਗੋ ਦੇ ਨਾਲ ਖਿਦਰਾਣੇ ਦੀ ਜੰਗ ਵਿੱਚ ਸ਼ਹੀਦ ਹੋਏ ।
ਆਨੰਦਪੁਰ ਸਾਹਿਬ ਦੀ ਧਰਤੀ ਤੇ ਮੁੱਖ ਧਾਰਮਿਕ ਸੰਸਥਾਨ ਖ਼ਾਲਸੇ ਦੀ ਜਨਮ ਭੂਮੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਹੈ।ਇਸ ਦੇ ਨਾਲ ਨਾਲ ਗੁਰੂ ਸ਼ੀਸ ਗੰਜ (1675 ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸੀਸ ਦਾ ਇਸ ਥਾਂ ਤੇ ਸੰਸਕਾਰ ਕੀਤਾ ਗਿਆ), ਗੁਰਦੁਆਰਾ ਭੋਰਾ ਸਾਹਿਬ (ਇਸ ਥਾਂ ਤੇ ਗੁਰੂ ਤੇਗ ਬਹਾਦਰ ਸਾਹਿਬ ਰਹਿੰਦੇ ਸਨ), ਗੁਰਦੁਆਰਾ ਥੜ੍ਹਾ ਸਾਹਿਬ, ਗੁਰਦੁਆਰਾ ਸ੍ਰੀ ਆਕਾਲ ਬੁੰਗਾ ਸਾਹਿਬ, ਗੁਰਦੁਆਰਾ ਸ੍ਰੀ ਦਮਦਮਾ ਸਾਹਿਬ, ਗੁਰਦੁਆਰਾ ਸ੍ਰੀ ਮੰਜੀ ਸਾਹਿਬ ਅਤੇ ਗੁਰਦੁਆਰਾ ਸ਼ਹੀਦੀ ਬਾਗ ਮੁੱਖ ਤੌਰ ਤੇ ਸ਼ਾਮਿਲ ਹਨ।
ਗੁਰੂ ਗੋਬਿੰਦ ਸਿੰਘ ਜੀ ਦੁਆਰਾ ਬਣਾਏ ਪੰਜ ਕਿਲ੍ਹੇ ਵੀ ਆਨੰਦਪੁਰ ਸਾਹਿਬ ਵਿੱਚ ਹੀ ਸੁਸ਼ੋਭਿਤ ਹਨ ਜਿਹਨਾਂ ਵਿੱਚ ਕਿਲ੍ਹਾ ਆਨੰਦਗੜ੍ਹ ਸਾਹਿਬ (ਇਹ ਮੁੱਖ ਕਿਲ੍ਹਾ ਸੀ ਜਿਸਦੇ ਨਾਮ ਤੇ ਸ਼ਹਿਰ ਦਾ ਨਾਂ ਰੱਖਿਆ ਗਿਆ, ਕਿਲ੍ਹਾ ਹੋਲਗੜ੍ਹ ਸਾਹਿਬ (ਇਸ ਸਥਾਨ ਹੋਲੇ ਮਹੱਲੇ ਲਈ ਜਾਣਿਆ ਜਾਂਦਾ ਹੈ), ਕਿਲ੍ਹਾ ਲੋਹਗੜ੍ਹ ਸਾਹਿਬ (ਇਹ ਹਥਿਆਰ ਬਣਾਉਣ ਲਈ ਵਰਤਿਆ ਜਾਂਦਾ ਸੀ), ਕਿਲ੍ਹਾ ਫਤਿਹਗੜ੍ਹ ਸਾਹਿਬ (ਇਸ ਕਿਲ੍ਹੇ ਵਿੱਚ ਬਾਬਾ ਫ਼ਤਿਹ ਸਿੰਘ ਜੀ ਦਾ ਜ਼ਨਮ ਹੋਇਆ ਸੀ) ਅਤੇ ਪੰਜਵਾਂ ਕਿਲ੍ਹਾ ਹੈ ਕਿਲ੍ਹਾ ਤਾਰਾਗੜ੍ਹ ਸਾਹਿਬ ਇਸ ਸਥਾਨ ਨੂੰ ਪਹਾੜੀ ਫੌਜ ਨੂੰ ਰੋਕਣ ਲਈ ਵਰਤਿਆ ਜਾਂਦਾ ਸੀ।
ਆਨੰਦਪੁਰ ਸਾਹਿਬ ਦੀ ਧਰਤੀ ਅਮ੍ਰਿਤਸਰ ਤੋਂ ਬਾਅਦ ਦੂਜੇ ਨੰਬਰ ਤੇ ਮੁੱਖ ਤੀਰਥ ਸਥਾਨਾਂ ਵਿੱਚ ਸ਼ਾਮਿਲ ਹੈ। ਸਮੇਂ ਦੀਆਂ ਸਰਕਾਰਾਂ ਨੇ ਇਤਿਹਾਸ ਨੂੰ ਖ਼ੁਰਦ ਬੁਰਦ ਕਰਨ ਲਈ ਭਰਪੂਰ ਯਤਨ ਕੀਤੇ ਪ੍ਰੰਤੂ ਕਦੇ ਇਹ ਯਤਨ ਨਹੀਂ ਕੀਤਾ ਕਿ ਨੌਜਵਾਨੀ ਨੂੰ ਆਪਣੇ ਇਤਿਹਾਸ ਨਾਲ ਕਿਵੇਂ ਜੋੜਿਆ ਜਾਵੇ। ਦੁਨੀਆਂ ਨੂੰ ਸਿੱਖ ਧਰਮ ਦੇ ਵਿਸ਼ਾਲ ਇਤਿਹਾਸ ਨਾਲ ਰੂਬਰੂ ਕਰਵਾਉਣ ਦੇ ਨਾਲ ਨਾਲ ਆਨੰਦਪੁਰ ਸਾਹਿਬ ਦੀ ਧਰਤੀ ਨੂੰ ਟੂਰਿਜਮ ਪੱਖੋਂ ਸੈਲਾਨੀਆਂ ਲਈ ਖਿੱਚ ਦਾ ਕੇਂਦਰ ਬਣਾਇਆ ਜਾਣਾ ਬਹੁਤ ਜ਼ਰੂਰੀ ਅਤੇ ਸਮੇਂ ਦੀ ਲੋੜ ਹੈ ਇਸ ਨਾਲ ਜਿਥੇ ਸਿੱਖ ਧਰਮ ਦੇ ਇਤਿਹਾਸ ਦਾ ਪ੍ਰਸਾਰ ਹੋਵੇਗਾ ਉਥੇ ਪੰਜਾਬ ਦੀ ਆਰਥਿਕਤਾ ਨੂੰ ਵੀ ਹੁਲਾਰਾ ਮਿਲੇਗਾ। ਦੂਰੋਂ ਨੇੜਿਓਂ ਸੈਲਾਨੀਆਂ ਦੇ ਆਉਣ ਨਾਲ ਦਿਨੋਂ ਦਿਨ ਪੰਜਾਬ ਦੀ ਪਟੜੀ ਤੋਂ ਲਹਿ ਰਹੀ ਆਰਥਿਕਤਾ ਵਿੱਚ ਸੁਧਾਰ ਹੋਵੇਗਾ। ਬਹੁਤ ਜਲਦ ਹੁਣ ਜਦੋਂ ਅਸੀਂ ਆਨੰਦਪੁਰ ਸਾਹਿਬ ਦੇ ਸੰਸਥਾਪਕ ਅਤੇ ਹਿੰਦ ਦੀ ਚਾਦਰ ਵਜੋਂ ਜਾਣੇ ਜਾਂਦੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350 ਸ਼ਹੀਦੀ ਦਿਹਾੜਾ ਮਣਾ ਰਹੇ ਤਾਂ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਗੁਰੂ ਦੀ ਬਾਣੀ ਨੂੰ ਜਨ ਜਨ ਤੱਕ ਪਹੁੰਚਾਈਏ।ਪੂਰੀ ਦੁਨੀਆਂ ਨੂੰ ਪਤਾ ਲੱਗਣਾ ਚਾਹੀਦਾ ਹੈ ਕਿ ਦੀਨ ਕੋਈ ਵੀ ਮਾੜਾ ਨਹੀਂ,ਧਰਮ ਸਾਰੇ ਸਨਮਾਨ ਯੋਗ ਹਨ, ਕੁੜੱਤਣ ਹੈ ਤਾਂ ਉਹ ਸਾਡੀ ਸੋਚ ਵਿੱਚ ਹੈ। ਗੁਰੂਆਂ ਦੀ ਬਾਣੀ ਨੇ ਕਦੇ ਵੀ ਕਿਸੇ ਵੀ ਵਿਅਕਤੀ ਨਾਲ ਭੇਦਭਾਵ ਕਰਨਾ ਨਹੀਂ ਸਿਖਾਇਆ, ਹਮੇਸ਼ਾ ਸੰਗਤ ਅਤੇ ਪੰਗਤ ਨੂੰ ਪਹਿਲ ਦਿੱਤੀ।ਇਹ ਸਾਡੇ ਦੁਆਰਾ ਬਣਾਏ ਅਖੌਤੀ ਬੰਧਨ ਹੀ ਹਨ ਜਿਨ੍ਹਾਂ ਦੀ ਪੂਰਤੀ ਕਰਨ ਲਈ ਅਸੀਂ ਬਾਣੀ ਤੋਂ ਦੂਰ ਹੋ ਕੇ ਕੁਰਾਹੇ ਪੈ ਰਹੇ ਹਾਂ। ਅਜੋਕੇ ਸਮੇਂ ਵਿੱਚ ਜਦੋਂ ਸਹਿਣਸ਼ੀਲਤਾ ਵਿੱਚ ਦਿਨੋਂ ਦਿਨ ਨਿਘਾਰ ਆ ਰਿਹਾ ਹੈ,ਮਨ ਭਟਕ ਰਿਹਾ ਹੈ,ਜਵਾਨੀ ਨਸ਼ਿਆਂ ਦੀ ਦਲਦਲ ਵਿੱਚ ਧੱਸਦੀ ਜਾ ਰਹੀ ਤਾਂ ਰਾਹ ਦਸੇਰੇ ਦਾ ਹੋਣਾ ਬਹੁਤ ਜ਼ਰੂਰੀ ਹੈ ਜੋ ਭਟਕਿਆ ਨੂੰ ਸਹੀ ਦਿਸ਼ਾ ਪ੍ਰਦਾਨ ਕਰ ਸਕੇ।ਇਹ ਸਭ ਕੁੱਝ ਤਾਂ ਹੀ ਸੰਭਵ ਹੈ ਜ਼ੇਕਰ ਦੁਨਿਆਵੀ ਭਟਕਣ ਨੂੰ ਘਟਾਈਏ ਅਤੇ ਗੁਰਾਂ ਦੀ ਬਾਣੀ ਦਾ ਸਹਾਰਾ ਲਈਏ।
ਪੰਜਾਬ ਸਰਕਾਰ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350 ਸਾਲਾ ਸ਼ਹੀਦੀ ਦਿਹਾੜਾ ਮਨਾਉਣ ਲਈ ਪੂਰੇ ਜ਼ੋਰ ਸ਼ੋਰ ਨਾਲ ਤਿਆਰੀਆਂ ਕਰ ਰਹੀ ਹੈ। ਜਗ੍ਹਾ ਜਗ੍ਹਾ ਨਗਰਕੀਰਤਨ ਅਤੇ ਲਾਈਟ ਸ਼ੋਅਜ਼ ਹੋ ਰਹੇ ਹਨ।ਮੌਜੂਦਾ ਸਮੇਂ ਵਿੱਚ ਆਨੰਦਪੁਰ ਸਾਹਿਬ ਰੂਪਨਗਰ ਜ਼ਿਲ੍ਹੇ ਵਿੱਚ ਸਥਿਤ ਹੈ,ਇਸ ਨੂੰ ਜ਼ਿਲ੍ਹਾ ਬਣਾਉਣ ਦੀਆਂ ਅਫਵਾਹਾਂ ਵੀ ਚਲ ਰਹੀਆਂ ਸਨ ,ਇਹ ਜ਼ਿਲ੍ਹਾ ਬਣੇ ਜਾਂ ਨਾ ਬਣੇ ਪ੍ਰੰਤੂ ਖ਼ਾਲਸੇ ਦੀ ਜਨਮ ਭੂਮੀ ਨੂੰ ਦੁਨੀਆਂ ਦੇ ਨਕਸ਼ੇ ਤੇ ਲੈ ਕੇ ਆਉਣਾ ਚਾਹੀਦਾ ਹੈ। ਸਮਾਜ਼ ਵਿੱਚ ਦਹਿਸ਼ਤ ਅਤੇ ਨਫ਼ਰਤ ਫੈਲਾਉਣ ਵਾਲੇ ਭੀੜ ਭੜੱਕੇ ਦਾ ਸਹਾਰਾ ਤੱਕਦੇ ਰਹਿੰਦੇ ਹਨ। ਗੁਰੂ ਸਾਹਿਬ ਦਾ ਸ਼ਹੀਦੀ ਦਿਹਾੜਾ ਵੱਡੇ ਪੱਧਰ ਤੇ ਮਨਾਉਣ ਵਿੱਚ ਸਰੁੱਖਿਆ ਦਾ ਮੁੱਦਾ ਵੀ ਬਹੁਤ ਜ਼ਰੂਰੀ ਅਤੇ ਸਮੇਂ ਦੀ ਲੋੜ ਹੈ। ਸਮਾਜ਼ ਵਿੱਚ ਜਿਵੇਂ ਦਿਨੋਂ ਦਿਨ ਲੁੱਟ ਖੋਹ ਦੀ ਵਾਰਦਾਤਾਂ ਵਾਪਰ ਰਹੀਆਂ ਹਨ ਤਾਂ ਆਉਣ ਵਾਲੀਆਂ ਸੰਗਤਾਂ ਦੀ ਸਰੁੱਖਿਆ ਵਿੱਚ ਕੁਤਾਹੀ ਪ੍ਰਸ਼ਾਸਨ ਦੇ ਪੱਲੇ ਨਮੋਸ਼ੀ ਪਾ ਸਕਦੀ ਹੈ।ਦੂਰੋਂ ਨੇੜਿਓਂ ਪਹੁੰਚਣ ਵਾਲੀ ਸੰਗਤ ਲਈ ਰਹਿਣ ਅਤੇ ਉਹਨਾਂ ਦੀ ਸਰੁੱਖਿਆ ਦੇ ਪ੍ਰਬੰਧ ਵੀ ਮਜ਼ਬੂਤ ਕਰਨੇ ਹੋਣਗੇ।ਆਨੰਦਾਂ ਦੀ ਧਰਤੀ ਇਸ ਪਵਿੱਤਰ ਧਰਤੀ ਨੂੰ ਇਤਿਹਾਸ ਦੇ ਨਾਲ ਨਾਲ ਸੈਰ ਸਪਾਟੇ ਵਜੋਂ ਉਭਾਰਨਾ ਬਹੁਤ ਜ਼ਰੂਰੀ ਹੈ। ਖ਼ਾਲਸਾ ਏ ਵਿਰਾਸਤ ਵਰਗੀਆਂ ਸੰਸਥਾਵਾਂ ਨੂੰ ਸੈਲਾਨੀਆਂ ਦੀ ਖਿੱਚ ਦਾ ਕੇਂਦਰ ਜ਼ਰੂਰ ਬਣਾਉਣਾ ਚਾਹੀਦਾ ਹੈ ਤਾਂ ਜ਼ੋ ਪੰਜਾਬ ਦੇ ਨਾਲ ਨਾਲ ਪੂਰੀ ਦੁਨੀਆਂ ਇਸ ਪਵਿੱਤਰ ਧਰਤੀ ਨੂੰ ਸਿਜਦਾ ਕਰਦੀ ਹੋਈ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਨਾਲ ਜੁੜ ਆਪਣਾ ਜੀਵਨ ਸਫ਼ਲ ਕਰ ਸਕੇ।